# Final apprehended domestic violence order

*Crimes (Domestic and Personal Violence) Act 2007*

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

**ਤੁਹਾਨੂੰ ਹੇਠ ਲਿਖੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨੀ ਕਾਨੂੰਨ ਦੇ ਵਿਰੁੱਧ ਹੈ। ਤੁਹਾਨੂੰ ਪੁਲੀਸ ਗ੍ਰਿਫਤਾਰ ਕਰ ਸਕਦੀ ਹੈ ਅਤੇ ਦੋਸ਼ ਲਗਾ ਕੇ ਅਦਾਲਤ ਵਿੱਚ ਲਿਜਾ ਸਕਦੀ ਹੈ। ਜੇ ਤੁਸੀਂ ਅਦਾਲਤ ਵਿੱਚ ਦੋਸ਼ੀ ਠਹਿਰਾਏ ਜਾਂਦੇ ਹੋ, ਤੁਹਾਨੂੰ 2 ਸਾਲ ਲਈ ਕੈਦ ਕੀਤਾ ਜਾ ਸਕਦਾ ਹੈ ਅਤੇ $5500 ਤੱਕ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।**

**ਤੁਹਾਨੂੰ ਹੋਰਨਾ ਅਪਰਾਧਾਂ ਕਾਰਨ ਵੀ ਅਦਾਲਤ ਲਿਜਾ ਕੇ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇ ਤੁਹਾਨੂੰ ਇਹਨਾਂ ਅਪਰਾਧਾਂ ਕਾਰਨ ਅਦਾਲਤ ਨੇ ਦੋਸ਼ੀ ਠਹਿਰਾਇਆ ਗਿਆ ਤਾਂ ਤੁਹਾਨੂੰ ਵਧੇਰੇ ਸਜ਼ਾ ਵੀ ਮਿਲ ਸਕਦੀ ਹੈ।**

ਤੁਹਾਨੂੰ ਇਨ੍ਹਾਂ ਹੁਕਮਾਂ ਦੀ ਦਿਤੀ ਗਈ ਤਰੀਕ ਤੱਕ ਪਾਲਣਾ ਕਰਨੀ ਚਾਹੀਦੀ ਹੈ।

ਇਹ ਹੁਕਮ ਉਨ੍ਹਾਂ ਲੋਕਾਂ ਦੀ ਰੱਖਿਆ ਕਰਨ ਲਈ ਬਣਾਏ ਗਏ ਹਨ, ਜਿਹਨਾਂ ਦੇ ਨਾਮ ਇਸ ਵਿੱਚ ਦਰਜ ਹਨ।

ਤੁਹਾਨੂੰ ਇਨ੍ਹਾਂ ਹੁਕਮਾ ਦੀ ਆਵੱਸ਼ ਪਾਲਣੀ ਕਰਨੀ ਚਾਹੀਦੀ ਹੈ, ਭਾਵੇਂ ਸੁਰੱਖਿਆ ਲੈਣ ਵਾਲਾ ਵਿਅਕਤੀ ਜਿਸ ਦਾ ਨਾਮ ਇਸ ਉਤੇ ਲਿਖਿਆ ਹੈ ਤੁਹਾਨੂੰ ਕਹੇ ਕਿ ਤੁਸੀਂ ਇਸ ਤਰਾਂ ਨਾ ਕਰੋ ਜਾਂ ਤੁਹਾਨੂੰ ਕਹਿੰਦਾ ਹੈ ਕਿ ਤੁਹਾਨੂੰ ਇਹ ਕਰਨ ਦੀ ਲੋੜ ਨਹੀਂ ਹੈ। ਜੇ ਤੁਸੀਂ ਹੇਠ ਲਿਖਿਆਂ ਵਿੱਚੋਂ ਕੁੱਝ ਵੀ ਕਰਦੇ ਹੋ, ਉਹ ਵੀ ਕਾਨੂੰਨ ਦੇ ਵਿਰੁੱਧ ਹੋਵੇਗਾ ਜਿਸ ਨੂੰ ਹੁਕਮ ਤੋੜਨਾ ਕਹਿੰਦੇ ਹਨ।

## ਵਿਵਹਾਰ ਬਾਰੇ ਆਦੇਸ਼

1. ਤੁਹਾਨੂੰ ਹੇਠ ਲਿਖਿਆਂ ਵਿੱਚੋਂ ਸੁਰੱਖਿਆ ਵਾਲੇ ਵਿਅਕਤੀਆਂ ਬਾਰੇ ਜਾਂ ਕਿਸੇ ਉਨ੍ਹਾਂ ਬਾਰੇ ਜਿਨ੍ਹਾਂ ਦਾ ਉਨ੍ਹਾਂ ਨਾਲ ਘਰੇਲੂ ਰਿਸ਼ਤਾ ਹੈ ਕੁੱਝ ਵੀ ਨਹੀਂ ਕਰਨਾ ਚਾਹੀਦਾ।

   A) ਹਮਲਾ ਜਾਂ ਧਮਕੀ ਦੇਣੀ,
   B) ਪਿੱਛਾ ਕਰਨਾ, ਪਰੇਸ਼ਾਨ ਕਰਨਾ ਜਾਂ ਉਨ੍ਹਾਂ ਨੂੰ ਡਰਾਉਣਾ, ਅਤੇ
   C) ਜਾਣ ਬੁੱਝ ਕੇ ਜਾਂ ਅੰਨ੍ਹੇਵਾਹ ਕਿਸੇ ਸੰਪਤੀ ਨੂੰ ਤਬਾਹ ਕਰਨਾ ਜਾਂ ਕਿਸੇ ਵੀ ਸੰਪਤੀ ਦਾ ਜਿਹੜੀ ਸੁਰੱਖਿਆ ਵਾਲੇ ਵਿਅਕਤੀ ਨਾਲ ਸੰਬੰਧ ਰੱਖਦੀ ਹੋਵੇ ਜਾਂ ਉਸਦੇ ਕਬਜੇ ਵਿੱਚ ਹੋਵੇ, ਦਾ ਨੁਕਸਾਨ ਕਰਨਾ ।

ਉਦਾਹਰਣ ਵਜੋਂ:

- ਤੁਸੀਂ ਇਹ ਖੁਦ, ਕਿਸੇ ਹੋਰ ਵਿਅਕਤੀ ਦੁਆਰਾ ਜਾਂ ਇਲੈਕਟ੍ਰਾਨਿਕ ਸੰਚਾਰ ਅਤੇ ਜੰਤਰ (ਉਦਾਹਰਨ ਲਈ, ਫੋਨ ਦੁਆਰਾ, ਸੁਨੇਹੇ, ਈ-ਮੇਲ, ਫੇਸਬੁਕ ਜਾਂ ਹੋਰ ਸਮਾਜਿਕ ਮੀਡੀਆ ਜਾਂ GPS ਟਰੈਕਿੰਗ) ਦੁਆਰਾ ਬਿਲਕੁਲ ਨਹੀਂ ਕਰਨਾ।

NSW Police Force
women's domestic violence court advocacy services
Legal Aid NEW SOUTH WALES
Womens Domestic Violence Court Advocacy Services are funded by Legal Aid NSW
NSW GOVERNMENT | Justice

# Final apprehended domestic violence order

*Crimes (Domestic and Personal Violence) Act 2007*

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

- ਤੁਹਾਨੂੰ ਕੁਝ ਵੀ ਅਜਿਹਾ ਨਹੀਂ ਕਹਿਣਾ ਜਾਂ ਕਰਨਾ ਚਾਹੀਦਾ ਜਿਸ ਨਾਲ ਸੁਰੱਖਿਆ ਵਾਲਾ ਵਿਅਕਤੀ ਡਰ ਮਹਿਸੂਸ ਕਰੇ ਜਾਂ ਮਹਿਸੂਸ ਕਰੇ ਕਿ ਤੁਸੀਂ ਉਨ੍ਹਾਂ ਦੇ ਮਾਲ ਦਾ ਸਮੇਤ ਸਾਂਝੀ ਜਾਇਦਾਦ ਅਤੇ ਪਾਲਤੂ ਜਾਨਵਰਾਂ ਦੇ ਕਿਸੇ ਵੀ ਤਰਾਂ ਨੁਕਸਾਨ ਕਰ ਸਕਦੇ ਹੋ।

## ਸੰਪਰਕ ਬਾਰੇ ਆਦੇਸ਼

2. ਤੁਹਾਨੂੰ ਕਿਸੇ ਵੀ ਤਰੀਕੇ ਨਾਲ ਸੁਰੱਖਿਆ ਵਾਲੇ ਵਿਅਕਤੀ ਤੱਕ ਪਹੁੰਚ ਜਾਂ ਸੰਪਰਕ ਨਹੀਂ ਕਰਨਾ ਚਾਹੀਦਾ, ਜਦ ਤੱਕ ਸੰਪਰਕ ਵਕੀਲ ਦੁਆਰਾ ਨਾ ਹੋਵੇ

ਉਦਾਹਰਣ ਵਜੋਂ:

- ਤੁਸੀਂ ਸੁਰੱਖਿਆ ਵਾਲੇ ਵਿਅਕਤੀ ਨਾਲ ਜਾਤੀ ਤੌਰ ਤੇ, ਜਾਂ ਇਲੈਕਟ੍ਰਾਨਿਕ ਸੰਚਾਰ ਦੁਆਰਾ (ਉਦਾਹਰਨ ਲਈ, ਫੋਨ ਦੁਆਰਾ, ਸੁਨੇਹੇ, ਈ-ਮੇਲ, ਫੇਸਬੁਕ ਜਾਂ ਹੋਰ ਸਮਾਜਿਕ ਮੀਡੀ) ਜਾਂ ਕਿਸੇ ਵੀ ਹੋਰ ਸਾਧਨ ਜਿਸ ਵਿੱਚ ਕਿਸੇ ਨੂੰ ਉਸ ਕੋਲ ਭੇਜਣਾ ਵੀ ਸ਼ਾਮਲ ਹੈ, ਨਹੀਂ ਕਰਨਾ ਹੈ।
- ਜੇ ਸੁਰੱਖਿਆ ਵਾਲਾ ਵਿਅਕਤੀ ਤੁਹਾਡੇ ਨਾਲ ਸੰਪਰਕ ਕਰਦਾ ਹੈ ਅਤੇ ਤੁਸੀਂ ਉੱਤਰ ਦਿੰਦੇ ਹੋ, ਕੋਈ ਗੱਲ ਨਹੀਂ ਕਿ ਉਸਨੇ ਤੁਹਾਨੂੰ ਕਿੰਨੀ ਵਾਰ ਸੰਪਰਕ ਕੀਤਾ ਹੈ ਜਾਂ ਅਜਿਹਾ ਕਰਨ ਦਾ ਕੋਈ ਕਾਰਨ ਹੈ, ਤੁਸੀਂ ਹਰ ਵਾਰ ਹੁਕਮ ਦੀ ਉਲੰਘਣਾ ਕਰ ਰਹੇ ਹੋਵੋਗੇ ।

3. ਤੁਹਾਨੂੰ ਬਿਲਕੁਲ ਪਹੁੰਚ ਨਹੀਂ ਕਰਨੀ ਚਾਹੀਦੀ:
   A) ਸਕੂਲ ਜਾਂ ਹੋਰ ਕਿਸੇ ਵੀ ਜਗ੍ਹਾ ਜਿਥੇ ਸੁਰੱਖਿਆ ਵਾਲਾ ਵਿਅਕਤੀ ਅਧਿਐਨ ਕਰਨ ਲਈ ਜਾਂਦਾ ਹੋਵੇ, ਜਾਂ
   B) ਕਿਸੇ ਵੀ ਜਗ੍ਹਾ ਜਿਥੇ ਉਹ ਬਾਲ-ਸੰਭਾਲ ਲਈ ਜਾਂਦਾ ਹੋਵੇ, ਜਾਂ
   C) ਕੋਈ ਵੀ ਹੋਰ ਜਗ੍ਹਾ ਜਿਸਦਾ ਵਰਣਨ ਹੁਕਮ ਵਿੱਚ ਹੋਵੇ।

ਉਦਾਹਰਣ ਵਜੋਂ:

- ਤੁਹਾਨੂੰ ਨਿੱਜੀ ਤੌਰ ਤੇ ਇਹਨਾ ਸਥਾਨਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ,
- ਇਸਦਾ ਮਤਲਬ ਹੈ ਕਿ ਤੁਸੀਂ ਸਕੂਲ ਫੰਕਸ਼ਨ, ਸਕੂਲ ਦੀਆਂ ਵਿਸ਼ੇਸ਼ ਘਟਨਾਵਾਂ ਜਾਂ ਮਾਪੇ-ਅਧਿਆਪਕ ਮੁਲਾਕਾਤ ਜੋ ਸਕੂਲ ਵਿੱਚ ਹੁੰਦੀ ਹੈ ਵਿੱਚ ਹਾਜਰ ਨਹੀਂ ਹੋ ਸਕਦੇ।

4. ਤੁਸੀਂ ਸ਼ਰਾਬ ਪੀਣ ਜਾਂ ਨਾਜਾਇਜ਼ ਨਸ਼ੇ ਨੂੰ ਲੈਣ ਤੋਂ ਬਾਅਦ ਘੱਟੋ-ਘੱਟ 12 ਘੰਟੇ ਤੋਂ ਪਹਿਲਾਂ ਸੁਰੱਖਿਆ ਵਾਲੇ ਵਿਅਕਤੀ ਤੱਕ ਪਹੁੰਚ ਜਾਂ ਉਨ੍ਹਾਂ ਦੇ ਕੋਲ ਨਹੀਂ ਹੋਣੇ ਚਾਹੀਦੇ।

ਉਦਾਹਰਣ ਵਜੋਂ:

NSW Police Force

women's domestic violence court advocacy services

Legal Aid NEW SOUTH WALES

Womens Domestic Violence Court Advocacy Services are funded by Legal Aid NSW

NSW GOVERNMENT | Justice

# Final apprehended domestic violence order

*Crimes (Domestic and Personal Violence) Act 2007*

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

- ਤੁਸੀਂ ਸ਼ਰਾਬ ਪੀਣ ਜਾਂ ਨਾਜਾਇਜ਼ ਨਸ਼ੇ ਨੂੰ ਲੈਣ ਤੋਂ ਬਾਅਦ ਘੱਟੋ-ਘੱਟ 12 ਘੰਟੇ ਲਈ ਸੁਰੱਖਿਆ ਵਾਲੇ ਵਿਅਕਤੀ ਨੂੰ ਪਹੁੰਚ ਕਰਨ ਜਾਂ ਉਸਦੇ ਦੇ ਨਾਲ ਬਿਲਕੁਲ ਨਹੀਂ ਰਹਿ ਸਕਦੇ, ਜੇ ਤੁਸੀਂ 9 ਵਜੇ ਰਾਤ ਨਸ਼ੇ ਦਾ ਆਖਰੀ ਗਲਾਸ ਖਤਮ ਕੀਤਾ ਹੈ ਤਾਂ ਤੁਸੀਂ ਉਹਨਾਂ ਨੂੰ ਉਨ੍ਹਾਂ ਦੇ ਘਰ ਜਾਂ ਜਿਥੇ ਉਹ ਕੰਮ ਕਰਦੇ ਹਨ, ਅਗਲੇ ਸਵੇਰ ਦੇ 9 ਵਜੇ ਤੱਕ ਉਨ੍ਹਾਂ ਨਾਲ ਸੰਪਰਕ ਨਹੀਂ ਕਰ ਸਕਦੇ। ਜੇ ਤੁਸੀਂ ਇੱਕਠੇ ਰਹਿੰਦੇ ਹੋ, ਇਸ ਦਾ ਮਤਲਬ ਹੈ ਕਿ ਤੁਹਾਨੂੰ 12 ਘੰਟੇ ਵਾਸਤੇ ਰਹਿਣ ਲਈ ਕੋਈ ਹੋਰ ਟਿਕਾਣਾ ਲੱਭਣਾ ਚਾਹੀਦਾ ਹੈ।
- ਤੁਹਾਨੂੰ ਸੁਰੱਖਿਆ ਵਾਲੇ ਵਿਅਕਤੀ ਦੇ ਨਾਲ ਰਹਿੰਦਿਆਂ ਸ਼ਰਾਬ ਜਾਂ ਹੋਰ ਨਾਜਾਇਜ਼ ਨਸ਼ਾ ਬਿਲਕੁਲ ਨਹੀਂ ਕਰਨਾ ਚਾਹੀਦਾ।
- ਤੁਸੀਂ ਦੂਰ ਹੀ ਰਹੋ ਭਾਂਵੇ ਉਹ ਤੁਹਾਨੂੰ ਦੂਰ ਰਹਿਣ ਵਾਸਤੇ ਨਾਂ ਵੀ ਕਹੇ।

5. ਤੁਸੀਂ ਸੁਰੱਖਿਆ ਵਾਲੇ ਵਿਅਕਤੀ ਨੂੰ ਲੱਭਣ ਦੀ ਕੋਸ਼ਿਸ਼ ਨਾ ਕਰੋ ਬਸ਼ਰਤੇ ਕਿ ਅਦਾਲਤ ਨੇ ਕੋਈ ਅਜਿਹਾ ਹੁਕਮ ਦਿੱਤਾ ਹੋਵੇ।

ਉਦਾਹਰਣ ਵਜੋਂ:

- ਤੁਹਾਨੂੰ ਇਲੈਕਟ੍ਰਾਨਿਕ ਸੰਚਾਰ ਦੁਆਰਾ ਸੁਰੱਖਿਅਤ ਵਿਅਕਤੀ ਨੂੰ ਲੱਭਣ ਦੀ ਕੋਸ਼ਿਸ਼ ਬਿਲਕੁਲ ਨਹੀਂ ਕਰਨੀ ਚਾਹੀਦੀ (ਉਦਾਹਰਣ ਲਈ, ਫੋਨ ਦੁਆਰਾ, ਸੁਨੇਹੇ, ਈ-ਮੇਲ, ਫੇਸਬੁਕ ਜਾਂ ਹੋਰ ਸਮਾਜਿਕ ਮੀਡੀਆ), ਇੰਟਰਨੈੱਟ, ਕਿਸੇ ਨੂੰ ਪੁੱਛਣਾ ਜੇ ਉਹ ਟਿਕਾਣੇ ਨੂੰ ਜਾਣਦਾ ਹੋਵੇ।

## ਪਰਿਵਾਰਿਕ ਕਾਨੂੰਨ ਅਤੇ ਪੋਸ਼ਣ ਬਾਰੇ ਆਦੇਸ਼

6. ਤੁਹਾਨੂੰ ਸੁਰੱਖਿਆ ਵਾਲੇ ਵਿਅਕਤੀ ਤੱਕ ਪਹੁੰਚ ਬਿਲਕੁਲ ਨਹੀਂ ਕਰਨੀ ਚਾਹੀਦੀ ਜਾਂ ਕਿਸੇ ਵੀ ਤਰੀਕੇ ਨਾਲ ਸੰਪਰਕ ਨਾ ਕਰੋ, ਜਦ ਤੱਕ ਸੰਪਰਕ:

❑ A) ਵਕੀਲ ਦੇ ਰਾਹੀਂ ਹੋਵੇ, ਜਾਂ

❑ B) ਮਾਨਤਾ ਪ੍ਰਾਪਤ ਜਾਂ ਅਦਾਲਤ ਦੀ ਪ੍ਰਵਾਨਗੀ ਦੁਆਰਾ ਮਸ਼ਵਰਾ, ਵਿਚੋਲਗੀ ਅਤੇ/ਜਾਂ ਸੁਲਾਹ, ਜਾਂ

❑ C) ਇਸ ਜਾਂ ਕਿਸੇ ਹੋਰ ਅਦਾਲਤ ਨੇ ਬੱਚੇ/ਬੱਚਿਆਂ ਨਾਲ ਸੰਪਰਕ ਦੇ ਹੁਕਮ ਦਿਤੇ ਹੋਣ, ਜਾਂ

❑ D) ਜਿਵੇਂ ਤੁਹਾਡੇ ਅਤੇ ਮਾਪੇ (ਮਾਪਿਆਂ) ਵਿੱਚ ਬੱਚਾ/ਬੱਚਿਆਂ ਦੇ ਨਾਲ ਸੰਪਰਕ ਕਰਨ ਬਾਰੇ ਲਿਖਤੀ ਸਹਿਮਤੀ ਹੋਈ ਹੋਵੇ

ਜਾਂ

❑ E) ਤੁਹਾਡੇ ਅਤੇ ਮਾਪੇ (ਮਾਪਿਆਂ) ਵਿੱਚ ਬੱਚਾ/ਬੱਚਿਆਂ ਦੇ ਨਾਲ ਸੰਪਰਕ ਕਰਨ ਬਾਰੇ ਬੱਚਾ/ਬੱਚਿਆਂ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਦੇ ਨਾਲ ਵਿਅਕਤੀ ਦੇ ਵਿਚਕਾਰ ਲਿਖਤੀ ਸਹਿਮਤੀ ਹੋਵੇ।

ਉਦਾਹਰਣ ਵਜੋਂ:

- ਤੁਸੀਂ ਜਾਤੀ ਤੌਰ ਤੇ ਸੁਰੱਖਿਆ ਵਾਲੇ ਵਿਅਕਤੀ ਨਾਲ ਸੰਪਰਕ ਜਾਂ ਪਹੁੰਚ ਨਾ ਕਰੋ ਜਾਂ ਇਲੈਕਟ੍ਰਾਨਿਕ ਸੰਚਾਰ ਦੁਆਰਾ (ਉਦਾਹਰਨ ਲਈ, ਫੋਨ ਦੁਆਰਾ, ਸੁਨੇਹੇ, ਈ-ਮੇਲ, ਫੇਸਬੁਕ ਜਾਂ ਹੋਰ ਸਮਾਜਿਕ ਮੀਡੀਆ) ਜਾਂ ਕਿਸੇ ਵੀ ਹੋਰ ਸਾਧਨ ਜਿਸ ਵਿੱਚ ਕਿਸੇ ਨੂੰ ਉਸ ਕੋਲ ਭੇਜਣਾ ਵੀ ਸ਼ਾਮਲ ਹੈ, ਸੰਪਰਕ ਜਾਂ ਪਹੁੰਚ ਬਿਲਕੁਲ ਨਾ ਕਰੋ।

NSW Police Force
women's domestic violence court advocacy services
Legal Aid NEW SOUTH WALES
Womens Domestic Violence Court Advocacy Services are funded by Legal Aid NSW
NSW GOVERNMENT | Justice

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

- ਜੇ ਸੁਰੱਖਿਆ ਵਾਲਾ ਵਿਅਕਤੀ ਤੁਹਾਨੂੰ ਸੰਪਰਕ ਕਰਦਾ ਹੈ ਅਤੇ ਤੁਸੀਂ ਉੱਤਰ ਦਿੰਦੇ ਹੋ, ਕੋਈ ਗੱਲ ਨਹੀਂ ਕਿ ਉਹ ਤੁਹਾਨੂੰ ਕਿੰਨੀ ਵਾਰ ਸੰਪਰਕ ਕਰਦਾ ਹੈ ਜਾਂ ਇਸਦਾ ਕਾਰਨ ਕੀ ਹੈ ਤੁਸੀਂ ਹਰ ਵਾਰ ਹੁਕਮ ਦੀ ਉਲੰਘਣਾਂ ਕਰ ਰਹੇ ਹੋ ਅਤੇ ਤੁਹਾਨੂੰ ਅਦਾਲਤ ਵਿੱਚ ਵੀ ਲਿਜਾਇਆ ਜਾ ਸਕਦਾ ਹੈ।

ਜੇਕਰ ਤੁਹਾਡੇ ਕੋਲ ਪਰਿਵਾਰਿਕ ਅਦਾਲਤ ਜਾਂ ਕਿਸੇ ਹੋਰ ਅਦਾਲਤ ਦਾ ਕੋਈ ਹੁਕਮ ਆਪਣੇ ਬੱਚੇ/ਬੱਚਿਆਂ ਦੀ ਦੇਖਭਾਲ ਕਰਨ ਸਬੰਧੀ ਹੈ, ਜੇ ਤੁਹਾਨੂੰ ਸ਼ੱਕ ਹੈ ਕਿ ਤੁਸੀਂ ਕੀ ਕਰ ਜਾਂ ਨਹੀਂ ਕਰ ਸਕਦੇ ਤਾਂ ਤੁਸੀਂ ਵਕੀਲ ਨਾਲ ਸੰਪਰਕ ਕਰੋ।

**(B):** ਪਰਿਵਾਰਿਕ ਅਦਾਲਤ ਦੇ ਮੁੱਦਿਆਂ, ਪਰਵਾਨਤ ਦਾ ਅਰਥ *ਪਰਵਾਰਕ ਕਨੂੰਨ ਐਕਟ* 1975 ਦੇ ਅਧੀਨ ਪਰਮਾਨਤ।
**(E):** ਉਦਾਹਰਣ ਵਜੋਂ: ਜੇ ਤੁਹਾਡਾ ਅਤੇ ਸੁਰੱਖਿਆ ਵਾਲੇ ਵਿਅਕਤੀ ਦਾ ਬੱਚਾ/ਬੱਚੇ ਹਨ ਪ੍ਰੰਤੂ ਕਿਸੇ ਹੋਰ ਵਿਅਕਤੀ ਪਾਸ ਤੁਹਾਡੇ ਬੱਚੇ ਨੂੰ/ਬੱਚਿਆਂ ਦੀ ਮਾਤਾ-ਪਿਤਾ ਦੀ ਜ਼ਿੰਮੇਵਾਰੀ ਹੈ, ਫਿਰ ਤੁਹਾਨੂੰ ਬੱਚਾ/ਬੱਚਿਆਂ ਨਾਲ ਸੰਪਰਕ ਕਰਨ ਬਾਰੇ ਉਨ੍ਹਾਂ ਪਾਸੋਂ ਵੀ ਲਿਖਤੀ ਰੂਪ ਵਿੱਚ ਇਕਰਾਰਨਾਮਾ ਪ੍ਰਾਪਤ ਕਰਨਾ ਚਾਹੀਦਾ ਹੈ। ਹੋਰ ਵਿਅਕਤੀ ਪਰਿਵਾਰ ਅਤੇ ਕਮਿਊਨਿਟੀ ਸਰਵਿਸਿਜ਼ ਮੰਤਰੀ ਦਾ ਨਿਯੁਕਤ ਕੀਤਾ ਪ੍ਰਤੀਨਿਧ ਹੋ ਸਕਦਾ ਹੈ, ਅਦਾਲਤ ਦੁਆਰਾ ਨਿਯੁਕਤ ਕੀਤਾ ਕਾਨੂੰਨੀ ਸਰਪ੍ਰਸਤ ਜਾਂ ਇਕ ਗੋਦ ਲੈਣ ਵਾਲਾ ਮਾਤਾ-ਪਿਤਾ ਵੀ ਹੋ ਸਕਦਾ ਹੈ।

## ਹੁਕਮ ਜਿੱਥੇ ਤੁਹਾਨੂੰ ਜਾਣ ਦੀ ਆਗਿਆ ਨਹੀ ਹੈ

7. ਤੁਹਾਨੂੰ ਨਹੀਂ ਰਹਿਣਾ ਚਾਹੀਦਾ:
   A) ਉਸ ਪਤੇ ਤੇ ਜਿੱਥੇ ਸੁਰੱਖਿਆ ਵਾਲਾ ਵਿਅਕਤੀ ਰਹਿੰਦਾ ਹੋਵੇ, ਜਾਂ
   B) ਹੁਕਮ ਵਿੱਚ ਲਿਖੇ ਕਿਸੇ ਵੀ ਸਥਾਨ ਤੇ।

ਉਦਾਹਰਣ ਵਜੋਂ:

- ਜੇ ਤੁਸੀਂ ਉਸ ਪਤੇ ਤੇ ਰਹਿ ਰਹੇ ਸੀ ਅਤੇ ਆਪਣਾ ਮਾਲ-ਸਮਾਨ ਚੁੱਕਣਾ ਚਾਹੁੰਦੇ ਹੋ, ਤੁਸੀਂ ਆਪਣੀ ਸੰਪਤੀ ਨੂੰ ਵਾਪਸ ਲੈਣ ਪ੍ਰਤੀ ਅਦਾਲਤ ਵਿੱਚੋਂ ਹੁਕਮ ਲੈਣ ਵਾਸਤੇ ਅਰਜ਼ੀ ਦੇ ਸਕਦੇ ਹੋ, ਜਾਇਦਾਦ ਰਿਕਵਰੀ ਆਰਡਰ ਲੈ ਸਕਦੇ ਹੋ ਜਾਂ ਤੁਸੀਂ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ।

8. ਤੁਹਾਨੂੰ ਬਿਲਕੁਲ ਨਹੀਂ ਜਾਣਾ ਚਾਹੀਦਾ:
   A) ਕਿਸੇ ਵੀ ਜਗ੍ਹਾ ਜਿੱਥੇ ਸੁਰੱਖਿਆ ਵਾਲਾ ਵਿਅਕਤੀ ਰਹਿੰਦਾ ਹੋਵੇ, ਜਾਂ
   B) ਕਿਸੇ ਵੀ ਜਗ੍ਹਾ ਜਿੱਥੇ ਉਹ ਕੰਮ ਕਰਦੇ ਹੋਣ, ਜਾਂ
   C) ਹੁਕਮ ਵਿੱਚ ਲਿਖੇ ਕਿਸੇ ਵੀ ਸਥਾਨ ਤੇ।

ਉਦਾਹਰਣ ਵਜੋਂ:

# Final apprehended domestic violence order

*Crimes (Domestic and Personal Violence) Act 2007*

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

- ਤੁਹਾਨੂੰ ਉਹਨਾਂ ਸਥਾਨਾਂ ਦੀ ਸੀਮਾ ਦੇ ਅੰਦਰ ਜਾਣ ਦੀ ਇਜਾਜ਼ਤ ਨਹੀ ਹੈ।
- ਜੇ ਤੁਸੀਂ ਉਸ ਪਤੇ ਤੇ ਰਹਿ ਰਹੇ ਸੀ ਅਤੇ ਆਪਣਾ ਮਾਲ-ਸਮਾਨ ਚੁੱਕਣਾ ਚਾਹੁੰਦੇ ਹੋ, ਤੁਸੀਂ ਅਦਾਲਤ ਵਿੱਚ ਜਾਇਦਾਦ ਰਿਕਵਰੀ ਆਰਡਰ ਲਈ ਅਰਜੀ ਦੇ ਸਕਦੇ ਹੋ ਜਾਂ ਤੁਸੀਂ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ।

9. ਤੁਹਾਨੂੰ ਹੁਕਮ ਵਿੱਚ ਦਿਤੇ ਗਏ ਮੀਟਰਾਂ ਦੀ ਗਿਣਤੀ ਦੇ ਅੰਦਰ ਬਿਲਕੁਲ ਨਹੀਂ ਜਾਣਾ ਚਾਹੀਦਾ:
   - A) ਕੋਈ ਵੀ ਸਥਾਨ ਜਿੱਥੇ ਸੁਰੱਖਿਆ ਵਾਲਾ ਵਿਅਕਤੀ ਰਹਿੰਦਾ ਹੋਵੇ, ਜਾਂ
   - B) ਕੋਈ ਵੀ ਸਥਾਨ ਜਿੱਥੇ ਉਹ ਕੰਮ ਕਰਦਾ ਹੋਵੇ ਜਾਂ
   - C) ਹੁਕਮ ਵਿੱਚ ਲਿਖੇ ਕਿਸੇ ਵੀ ਸਥਾਨ ਤੇ।

ਉਦਾਹਰਣ ਵਜੋਂ:

- ਤੁਹਾਨੂੰ ਉਸ ਸਥਾਨ ਦੀ ਸੀਮਾ ਦੇ 100 ਮੀਟਰ ਦੇ ਅੰਦਰ ਜਾਣ ਦੀ ਇਜਾਜ਼ਤ ਨਹੀ ਹੈ।
- ਜੇ ਤੁਸੀਂ ਉਸ ਪਤੇ ਤੇ ਰਹਿ ਰਹੇ ਸੀ ਅਤੇ ਆਪਣਾ ਮਾਲ-ਸਮਾਨ ਚੁੱਕਣਾ ਚਾਹੁੰਦੇ ਹੋ, ਤੁਸੀਂ ਅਦਾਲਤ ਵਿੱਚ ਜਾਇਦਾਦ ਰਿਕਵਰੀ ਆਰਡਰ ਲਈ ਅਰਜੀ ਦੇ ਸਕਦੇ ਹੋ ਜਾਂ ਤੁਸੀਂ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ।

## ਹਥਿਆਰਾਂ ਬਾਰੇ ਆਦੇਸ਼

10 ਤੁਹਾਡੇ ਕੋਲ ਹਥਿਆਰ ਐਕਟ 1998 ਦੀ ਮਨਾਹੀ ਵਾਲੀ ਹਥਿਆਰ ਸੂਚੀ ਦੇ ਅਨੁਸਾਰ ਬਿਨਾਂ ਇਜ਼ਾਜ਼ਤ ਵਾਲੇ ਕੋਈ ਬਰੂਦ ਵਾਲੇ ਜਾਂ ਹੋਰ ਹਥਿਆਰ ਨਹੀਂ ਹੋਣੇ ਚਾਹੀਦੇ।

ਉਦਾਹਰਣ ਵਜੋਂ:

- ਤੁਹਾਨੂੰ ਆਪਣੇ ਸਾਰੇ ਬਰੂਦ ਵਾਲੇ ਅਤੇ ਹਥਿਆਰ ਐਕਟ 1998 ਦੀ ਸੂਚੀ ਵਿੱਚ ਮਨਾਹੀ ਵਾਲੇ ਸਾਰੇ ਹਥਿਆਰ ਪੁਲੀਸ ਨੂੰ ਦੇਣੇ ਚਾਹੀਦੇ ਹਨ। ਇਹਨਾਂ ਨੂੰ ਰੱਖਣ ਲਈ ਵੱਖਰਾ ਫੌਜਦਾਰੀ ਜੁਰਮ ਲਾਗੂ ਹੁੰਦਾ ਹੈ। ਜੇ ਤੁਹਾਨੂੰ ਕਿਸੇ ਵੀ ਹਥਿਆਰ ਬਾਰੇ ਜਿਹੜਾ ਤੁਹਾਡੇ ਕੋਲ ਹੈ, ਰੱਖਣ ਜਾਂ ਨਾ ਰੱਖਣ ਬਾਰੇ ਕੋਈ ਸ਼ੱਕ ਹੈ ਤਾਂ ਪੁਲੀਸ ਅਧਿਕਾਰੀ ਨੂੰ ਪੁੱਛੋ।

## ਹੋਰ ਹੁਕਮ

11. ਪੁਲੀਸ ਜਾਂ ਅਦਾਲਤ ਤੁਹਾਡੇ ਜਾਂ ਤੁਹਾਡੇ ਪਰਿਵਾਰ ਬਾਰੇ ਹੋਰ ਹੁਕਮ ਕਰ ਸਕਦੇ ਹਨ।

**ਬਹੁਤੇ ਰਿਸ਼ਤਿਆਂ ਵਿੱਚ ਡਰ, ਕੰਟਰੋਲ ਜਾਂ ਹਿੰਸਾ ਸ਼ਾਮਲ ਨਹੀਂ ਹੁੰਦੀ ਹੈ। ਤੁਹਾਡੀਆਂ ਕੁੱਝ ਕਾਰਵਾਈਆਂ ਨਾਮਨਜ਼ੂਰ ਹਨ। ਹੁਣ ਤੁਹਾਨੂੰ ਇਹ ਹੁਕਮ ਮਿਲ ਗਿਆ ਹੈ ਜਿਸਦੀ ਤੁਹਾਨੂੰ ਜ਼ਰੂਰੀ ਪਾਲਣਾ ਕਰਨੀ ਚਾਹੀਦੀ ਹੈ। ਇਹ ਹੁਕਮ**

# Final apprehended domestic violence order

*Crimes (Domestic and Personal Violence) Act 2007*

ਇਹ ਦਸਤਾਵੇਜ਼ ਕੋਈ ਕਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਦਾ ਮਕਸਦ ਅਦਾਲਤ ਦੇ ਹੁਕਮ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ।

ਤੁਹਾਨੂੰ ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਪੁਲੀਸ/ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣਾ ਅਪਰਾਧਕ ਜੁਰਮ ਹੈ।

ਨਿਊ ਸਾਊਥ ਵੇਲਜ਼ ਦੀ ਪੁਲੀਸ ਦੇ ਕੰਪਿਊਟਰ ਸਿਸਟਮ ਵਿੱਚ ਹੈ।

ਘਰ ਵਿੱਚ ਹਿੰਸਾ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਦੁੱਖਦਾਈ ਹੁੰਦੀ ਹੈ। ਜਦੋਂ ਬੱਚੇ ਘਰ ਵਿੱਚ ਹਿੰਸਾ ਨੂੰ ਵੇਖ ਰਹੇ ਹੁੰਦੇ ਹਨ, ਉਹਨਾਂ ਵਿੱਚ ਹੋਰ ਬਹੁਤ ਸਾਰੀ ਉਦਾਸੀ, ਸੁਸਤੀ, ਚਿੰਤਾ ਅਤੇ ਗੁੱਸੇ ਦੇ ਸ਼ਿਕਾਰ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਸਕੂਲ ਵਿੱਚ ਵੀ ਮੁਸ਼ਕਲ ਹੋ ਸਕਦੀ ਹੈ।

ਇਹ ਤੁਹਾਡੇ ਵਾਸਤੇ ਤਬਦੀਲੀ ਕਰਨ ਦਾ ਇਕ ਮੌਕਾ ਹੈ।

ਜੇ ਤੁਸੀਂ ਆਪਣੇ ਜਜ਼ਬਾਤ ਦੇ ਪ੍ਰਬੰਧ ਬਾਰੇ ਜਾਂ ਤਣਾਅ ਬਾਰੇ, ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਮਦਦ ਉਪਲਬਧ ਹੈ: ਫੋਨ ਕਰੋ:

- **Men's referral service on** 1300 766 491 - ਆਦਮੀਆਂ ਵਾਸਤੇ ਪਹੁੰਚ ਲਈ ਸਹਾਇਤਾ ਸੇਵਾ
- **Relationships Australia on** 1300 364 277 - ਪਰਵਾਰ ਵਾਸਤੇ ਸਹਾਇਤਾ ਸੇਵਾ
- **Parent line** on 1300 1300 52 - ਮਾਪਿਆਂ ਵਾਸਤੇ ਸਹਾਇਤਾ ਸੇਵਾ

ਜੇ ਤੁਸੀਂ ਉਹ ਨਹੀਂ ਕਰਦੇ ਜੋ ਹੁਕਮ ਕਹਿ ਰਿਹਾ ਹੈ:

- ਤੁਹਾਨੂੰ 2 ਸਾਲ ਲਈ ਕੈਦ ਕੀਤਾ ਜਾ ਸਕਦਾ ਹੈ ਅਤੇ $5500 ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।
- ਤੁਹਾਡੇ ਉਪਰ ਦੋਸ਼ ਵੀ ਲਗਾਏ ਜਾ ਸਕਦੇ ਹਨ ਅਤੇ ਤੁਹਾਨੂੰ ਹੋਰ ਅਪਰਾਧਿਕ ਜੁਰਮਾਂ ਕਰਕੇ ਅਦਾਲਤ ਵਿੱਚ ਵੀ ਲਿਜਾਇਆ ਜਾ ਸਕਦਾ ਹੈ (ਉਦਾਹਰਨ ਲਈ, ਹਮਲਾ ਜਾਂ ਡਰਾਉਣਾ), ਦੇ ਨਾਲ ਨਾਲ ਇਸ ਹੁਕਮ ਨੂੰ ਨਾ ਮੰਨਣ ਦੇ ਦੋਸ਼ ਵਿੱਚ। ਤੁਹਾਨੂੰ ਇਹਨਾਂ ਅਪਰਾਧਾਂ ਵਿੱਚ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ ਤਾਂ ਤੁਹਾਨੂੰ ਵਧੇਰੇ ਸਜ਼ਾ ਵੀ ਮਿਲ ਸਕਦੀ ਹੈ ਭਾਵ ਜੇਲ੍ਹ ਵਿੱਚ ਵੱਧ ਸਮਾਂ।

ਤੁਰੰਤ ਪੁਲਿਸ ਤੋਂ ਪ੍ਰਾਪਤ ਕੀਤੇ ਲਾਇਸੰਸ/ਪਰਮਿਟ ਸਮੇਤ ਸਾਰੇ ਹਥਿਆਰ ਜਿਹਨਾਂ ਦੀ ਹਥਿਆਰ ਮਨਾਹੀ ਐਕਟ 1998 ਦੀ ਸੂਚੀ ਅਨੁਸਾਰ ਇਜਾਜ਼ਤ ਨਹੀਂ ਹੈ, ਲੈ ਲਏ ਜਾਂਦੇ ਹਨ। ਜੇ ਤੁਸੀਂ ਉਨ੍ਹਾਂ ਵਿੱਚੋਂ ਕੋਈ ਹਥਿਆਰ ਰੱਖ ਲੈਂਦੇ ਹੋ ਤਾਂ ਤੁਸੀਂ ਹੁਕਮ ਦੀ ਉਲੰਘਣਾ ਕਰਦੇ ਹੋ ਅਤੇ ਹੋਰ ਅਪਰਾਧਿਕ ਦੋਸਾਂ ਵਿੱਚ ਅਪਰਾਧੀ ਬਣ ਸਕਦੇ ਹੋ।

ਜੇ ਤੁਹਾਡਾ ਕੋਈ ਹੁਕਮ ਦੇ ਸੰਬੰਧ ਵਿੱਚ ਪ੍ਰਸ਼ਨ ਹੈ ਤਾਂ ਤੁਸੀਂ ਸੰਪਰਕ ਕਰ ਸਕਦੇ ਹੋ:

- ਵਕੀਲ ਨਾਲ
- ਨਿਊ ਸਾਊਥ ਵੇਲਜ਼ ਵਿੱਚ ਲੀਗਲ ਏਡ ਨਾਲ (02) 9219 5000 ਨੰਬਰ ਤੇ
- ਸਥਾਨਕ ਪੁਲਿਸ ਸਟੇਸ਼ਨ ਤੇ ਜਾਓ ਅਤੇ ਘਰੇਲੂ ਹਿੰਸਾ ਸੰਪਰਕ ਅਫਸਰ ਬਾਰੇ ਪੁੱਛੋ (ਜੇ ਤੁਸੀਂ ਸੁਰੱਖਿਆ ਵਾਲੇ ਵਿਅਕਤੀ ਹੋ)
- ਨਿਊ ਸਾਊਥ ਵੇਲਜ਼ ਦੀ ਕਨੂੰਨੀ ਪਹੁੰਚ ਵਿੱਚ 1300 888 529 ਨੰਬਰ ਤੇ ਜਾਂ www.lawaccess.nsw.gov.au ਵੈੱਬਸਾਈਟ
- ਦੁਭਾਸ਼ੀਆ ਸੇਵਾ ਵਾਸਤੇ 131 450 ਨੰਬਰ ਤੇ ਜਾਂ www.tisnational.gov.au. ਵੈੱਬਸਾਈਟ

NSW Police Force

women's domestic violence court advocacy services

Legal Aid NEW SOUTH WALES

Womens Domestic Violence Court Advocacy Services are funded by Legal Aid NSW

NSW GOVERNMENT | Justice